ਪੰਜਾਬ ਸਰਕਾਰ
ਸਿੱਖਿਆ ਵਿਭਾਗ
(ਸਿੱਖਿਆ-6 ਸ਼ਾਖਾ)

ਸੇਵਾ ਵਿਖੇ,

1. ਸਮੂਹ ਮੰਡਲ ਸਿੱਖਿਆ ਅਫਸਰ, ਪੰਜਾਬ।
2. ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ./ਐ.ਸਿ.), ਪੰਜਾਬ।
3. ਸਮੂਹ ਪ੍ਰਿੰਸੀਪਲ/ਸਕੂਲ ਮੁੱਖੀ, ਪੰਜਾਬ।

ਮੀਮੋ ਨੰ : 11/62/17-5ਸਿ6/1030980/1-3
ਮਿਤੀ, ਚੰਡੀਗੜ੍ਹ : 25-07-2017

**ਵਿਸ਼ਾ:- ਖਜਾਨੇ ਦਫਤਰ ਵਿੱਚ ਆਨਲਾਇਨ ਬਿੱਲ ਪੇਸ਼ ਕਰਨ ਲਈ ਸਕੂਲਾਂ ਦੇ ਡੀ.ਡੀ.ਓਜ਼./ਕਲੈਰੀਕਲ ਅਮਲੇ ਵੱਲੋਂ ਅਧਿਆਪਕਾਂ ਤੋਂ ਪੈਸੇ ਇੱਕਠੇ ਕਰਨ ਅਤੇ ਇਨਕਮ ਟੈਕਸ ਦੇ ਵੇਰਵੇ ਅਧਿਆਪਕਾਂ ਤੋਂ ਤਿਆਰ ਕਰਵਾਉਣ ਸਬੰਧੀ।**

ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।

2. ਸਮੇਂ ਸਮੇਂ ਸਿਰ ਕੁੱਝ ਸ਼ਿਕਾਇਤਾਂ ਪ੍ਰਾਪਤ ਹੋ ਰਹੀਆਂ ਹਨ ਕਿ ਕੁੱਝ ਸਕੂਲਾਂ ਦੇ ਡੀ.ਡੀ.ਓਜ/ ਕਲਰਕਾਂ ਵੱਲੋਂ ਆਪਣੇ ਅਧੀਨ ਕੰਮ ਕਰਦੇ ਕਰਮਚਾਰੀਆਂ ਦੇ ਤਨਖਾਹ ਆਦਿ ਦੇ ਬਿਲ ਖਜ਼ਾਨਾ ਦਫ਼ਤਰ ਆਪ ਤਿਆਰ ਕਰਕੇ ਆਨਲਾਈਨ ਨਹੀਂ ਭੇਜੇ ਜਾਂਦੇ ਬਲਕਿ ਬਾਹਰਲੇ ਸਰੋਤਾਂ ਰਾਹੀ ਆਨਲਾਈਨ ਕਰਵਾਏ ਜਾਂਦੇ ਹਨ ਜਿਸ ਦੀ ਅਦਾਇਗੀ ਸਕੂਲ ਦੇ ਕਰਮਚਾਰੀਆਂ ਤੋਂ ਪੈਸੇ ਇੱਕਠੇ ਕਰਕੇ ਕੀਤੀ ਜਾਂਦੀ ਹੈ ਜੋ ਕਿ ਨਿਯਮਾਂ ਅਨੁਸਾਰ ਗਲਤ ਹੈ। ਨਿਯਮਾਂ ਮੁਤਾਬਿਕ ਖਜ਼ਾਨੇ ਵਿੱਚ ਆਨਲਾਈਨ ਬਿੱਲ ਭੇਜਣਾ ਡੀ.ਡੀ.ਓਜ/ ਕਲਰਕਾਂ ਦੀ ਜਿੰਮੇਵਾਰੀ ਹੈ।

3. ਇਸ ਮਾਮਲੇ ਨੂੰ ਸਰਕਾਰ ਵੱਲੋਂ ਬਹੁਤ ਗੰਭੀਰਤਾ ਨਾਲ ਲਿਆ ਗਿਆ ਹੈ ਅਤੇ ਹਦਾਇਤ ਕੀਤੀ ਜਾਂਦੀ ਹੈ ਕਿ ਡੀ.ਡੀ.ਓਜ਼./ਸਕੂਲ ਕਲਰਕ ਵੱਲੋਂ ਖਜਾਨੇ ਵਿੱਚ ਆਨਲਾਈਨ ਬਿੱਲ ਭੇਜਣ ਲਈ ਕੋਈ ਪੈਸੇ ਇਕੱਠੇ ਨਹੀ ਕੀਤੇ ਜਾਣਗੇ ਅਤੇ ਖੁਦ ਬਿੱਲ ਤਿਆਰ ਕਰਕੇ ਆਨਲਾਈਨ ਖਜਾਨਾ ਦਫਤਰ ਵਿੱਚ ਭੇਜਣਗੇ। ਅਗਾਂਹ ਤੋਂ ਜੇਕਰ ਇਸ ਸਬੰਧੀ ਕੋਈ ਵੀ ਸ਼ਿਕਾਇਤ ਪ੍ਰਾਪਤ ਹੁੰਦੀ ਹੈ ਤਾਂ ਸਬੰਧਤ ਡੀ.ਡੀ.ਓਜ਼. ਅਤੇ ਕਲਰਕ ਵਿਰੁੱਧ ਸਖਤ ਕਾਰਵਾਈ ਕੀਤੀ ਜਾਵੇਗੀ। ਸਬੰਧਤ ਜਿਲ੍ਹੇ ਦੇ ਜਿਲ੍ਹਾ ਸਿੱਖਿਆ ਅਫਸਰ ਨੂੰ ਵੀ ਹਦਾਇਤ ਕੀਤੀ ਜਾਂਦੀ ਹੈ ਕਿ ਇਨ੍ਹਾਂ ਹਦਾਇਤਾਂ ਦੀ ਪਾਲਣਾ ਨੂੰ ਯਕੀਨੀ ਬਣਾਉਣ।

4. ਸਰਕਾਰ ਦੇ ਧਿਆਨ ਵਿੱਚ ਇਹ ਵੀ ਲਿਆਂਦਾ ਗਿਆ ਹੈ ਕਿ ਸਕੂਲਾਂ ਦੇ ਡੀ.ਡੀ.ਓਜ਼. ਅਤੇ ਦਫਤਰੀ ਅਮਲੇ ਵੱਲੋਂ ਕਰਮਚਾਰੀਆ ਨੂੰ ਉਨ੍ਹਾਂ ਦੀ ਤਨਖਾਹ ਤੇ ਬਣਦੇ ਇਨਕਮ ਟੈਕਸ ਦੇ ਵੇਰਵੇ ਤਿਆਰ ਕਰਕੇ ਦੇਣ ਲਈ ਕਿਹਾ ਜਾਂਦਾ ਹੈ ਜੋਕਿ ਉਚਿਤ ਨਹੀਂ ਹੈ ਕਿਉਂਕਿ ਇਨਕਮ ਟੈਕਸ ਦੀਆਂ ਹਦਾਇਤਾਂ ਮੁਤਾਬਿਕ ਡੀ.ਡੀ.ਓਜ਼. ਵੱਲੋਂ ਕਰਮਚਾਰੀਆ ਦੀ ਤਨਖਾਹ ਅਨੁਸਾਰ ਬਣਦੇ ਇਨਕਮ ਟੈਕਸ ਦੀ ਕਟੌਤੀ ਕਰਨੀ ਬਣਦੀ ਹੈ।

5. ਸਮੂਹ ਡੀ.ਡੀ.ਓਜ਼. ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉਹ ਇਨਕਮ ਟੈਕਸ ਦੀ ਕਟੌਤੀ ਦੇ ਵੇਰਵੇ ਆਪਣੇ ਦਫਤਰੀ ਅਮਲੇ ਰਾਂਹੀ ਤਿਆਰ ਕਰਵਾਉਣ।

6. ਇਨ੍ਹਾਂ ਹਦਾਇਤਾਂ ਦੀ ਇੰਨ ਬਿੰਨ ਪਾਲਣਾ ਕੀਤੀ ਜਾਵੇ।

ਸਕੱਤਰ ਸਕੂਲ ਸਿੱਖਿਆ
ਪੰਜਾਬ, ਚੰਡੀਗੜ੍ਹ

ਪਿੱਠ ਅੰਕਣ ਨੰ./ 11/62/17-5ਸ੬/1030980/4-7 ਮਿਤੀ:- 25-07-2017

ਉਪਰੋਕਤ ਦਾ ਇੱਕ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

1. ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਮੋਹਾਲੀ, ਪੰਜਾਬ।
2. ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ.), ਮੋਹਾਲੀ, ਪੰਜਾਬ।
3. ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਐ.ਸਿ.), ਮੋਹਾਲੀ, ਪੰਜਾਬ।
4. ਡਾਇਰੈਕਟਰ,ਐਸ.ਸੀ.ਈ.ਆਰ.ਟੀ., ਮੋਹਾਲੀ, ਪੰਜਾਬ।

ਸਕੱਤਰ ਸਕੂਲ ਸਿੱਖਿਆ
ਪੰਜਾਬ, ਚੰਡੀਗੜ੍ਹ